**ਸ਼੍ਰੇਣੀ-ਬਾਰ੍ਹਵੀਂ**

**ਲਾਜ਼ਮੀ ਪੰਜਾਬੀ**

ਨਮੂਨਾ **ਪ੍ਰਸ਼ਨ-ਪੱਤਰ (2025-26)**

**ਸਮਾਂ: ਤਿੰਨ ਘੰਟੇ** **ਕੁੱਲ ਅੰਕ: 80**

**(1)** ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ।

**(2)** ਸਾਰੇ ਪ੍ਰਸ਼ਨ ਜ਼ਰੂਰੀ ਹਨ।

**(3)** ਵਸਤੂਨਿਸਠ ਪ੍ਰਸ਼ਨਾਂ ਦੇ ਚਾਰ ਭਾਗ (ੳ), (ਅ), (ੲ) ਅਤੇ (ਸ) ਹਨ। ਹਰੇਕ ਪ੍ਰਸ਼ਨ ਦਾ ਇੱਕ ਅੰਕ ਹੈ।

**ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ:** **20x1=20**

**ਭਾਗ (ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:**

1. ਸੰਸਕ੍ਰਿਤ ਵਿੱਚ ਹੱਥ ਨੂੰ ਕੀ ਕਿਹਾ ਜਾਂਦਾ ਹੈ?
2. ਨਕਲਾਂ ਕਰਨ ਵਾਲੇ ਕਲਾਕਾਰ ਨੂੰ ਕੀ ਕਿਹਾ ਜਾਂਦਾ ਹੈ?
3. ਵਿਆਹ ਸਮੇਂ ਜੀਤੋ ਨੂੰ ਕਿੰਨਵਾਂ ਸਾਲ ਲੱਗਿਆ ਹੋਇਆ ਸੀ?
4. 'ਚੁੰਮ ਚੁੰਮ ਰੱਖੋ' ਕਵਿਤਾ ਕਿਸ ਕਵੀ ਦੀ ਰਚਨਾ ਹੈ?
5. 'ਕਿਸੇ ਦੋਸ਼ੀ ਵਿਅਕਤੀ ਦੁਆਰਾ ਦੂਜੇ ਦੇ ਦੋਸ਼ ਕੱਢਣ' ਦੀ ਸਥਿਤੀ ਉੱਪਰ ਕਿਹੜੀ ਅਖਾਉਤ ਢੁਕਵੀਂ ਹੈ?

**ਭਾਗ (ਅ) ਬਹੁ-ਚੋਣਵੇਂ ਪ੍ਰਸ਼ਨ:**

1. ਮਰਦਾਂ ਦਾ ਉਹ ਕਿਹੜਾ ਨਾਚ ਹੈ, ਜਿਸਨੂੰ ਇਸਤਰੀ-ਨਾਚ ਵੀ ਸਮਝ ਲਿਆ ਜਾਂਦਾ ਹੈ?

   (ੳ) ਝੂੰਮਰ (ਅ) ਲੁੱਡੀ

   (ੲ) ਮਲਵੱਈਆਂ ਦਾ ਗਿੱਧਾ (ਸ) ਭੰਗੜਾ

2. ਡਾ.ਐਸ. ਐਸ. ਵਣਜਾਰਾ ਬੇਦੀ **ਦਾ ਕਿਹੜਾ ਲੇਖ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ?**

   **(ੳ) ਪੰਜਾਬ ਦੀਆਂ ਲੋਕ-ਖੇਡਾਂ** **(ਅ) ਪੰਜਾਬ ਦੀਆਂ ਨਕਲਾਂ**

   **(ੲ) ਪੰਜਾਬ ਦੇ ਮੇਲੇ ਤੇ ਤਿਉਹਾਰ** **(ਸ) ਪੰਜਾਬ ਦੇ ਲੋਕ-ਨਾਚ**

3. ਸੱਭਿਆਚਾਰ ਇੱਕ ਵਗਦਾ...............ਹੈ।

   (ੳ) ਪ੍ਰਵਾਹ (ਅ) ਦਰਿਆ

   (ੲ) ਸਮੁੰਦਰ (ਸ) ਨੀਰ

4. ਕੁੱਤੇ ਭੌਂਕਦੇ ਰਹਿੰਦੇ ਹਨ, ............

   **(ੳ)** ਰਾਹੀ ਲੰਘ ਜਾਂਦੇ ਹਨ **(ਅ)** ਹਾਥੀ ਲੰਘ ਜਾਂਦੇ ਹਨ

   (ੲ) ਬਿੱਲੇ ਲੰਘ ਜਾਂਦੇ ਹਨ (ਸ) ਚੋਰ ਲੰਘ ਜਾਂਦੇ ਹਨ

5. ਚੀਰੇ ਵਾਲ਼ੇ ਸਾਈਕਲ ਸਵਾਰ ਨੇ ਖ਼ੁਦ ਕਿੱਥੋਂ ਤੱਕ ਜਾਣਾ ਸੀ?

   (ੳ) ਸਹੇੜੇ ਤੱਕ (ਅ) ਬਾਗ਼ਾਂ ਵਾਲ਼ੇ ਤੱਕ

   (ੲ) ਸ਼ਹਿਰ ਤੱਕ (ਸ) ਜਗੇੜੇ ਤੱਕ

**ਭਾਗ (ੲ) ਹੇਠ ਲਿਖੇ ਕਥਨਾਂ ਵਿਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ:**

1. **'ਡੰਡਾ ਡੁੱਕ' ਜਾਂ 'ਪੀਲ-ਪਲੀਂਘਣ' ਨਾਂ ਦੀ ਖੇਡ ਸਰਦੀਆਂ ਦੀ ਰੁੱਤ ਵਿੱਚ ਦੁਪਹਿਰ ਸਮੇਂ ਖੇਡੀ ਜਾਂਦੀ ਹੈ।**
2. ਲੋਕ-ਕਲਾ ਅਤੇ ਸ਼ਾਸਤਰੀ-ਕਲਾ ਦੋਵਾਂ ਦੇ ਹੀ ਬੱਝਵੇਂ ਨਿਯਮ ਹੁੰਦੇ ਹਨ।
3. ਲੁੱਡੀ ਮੂਲ ਰੂਪ ਵਿੱਚ ਜਿੱਤ ਜਾਂ ਖ਼ੁਸ਼ੀ ਦਾ ਨਾਚ ਹੈ।

4. 'ਮਾੜਾ ਬੰਦਾ' ਕਹਾਣੀ ਦਾ 'ਮੈਂ-ਪਾਤਰ' ਆਪਣੀ ਮਾਸੀ ਦੇ ਪੁੱਤਰ ਨੂੰ ਫਰਨੀਚਰ ਲਈ ਪੱਤਰ ਲਿਖ ਰਿਹਾ ਸੀ।

5. ਭਾਈਚਾਰੇ ਵਿੱਚ ਸਾਂਝ ਅਤੇ ਬਰਾਬਰੀ ਦੀ ਗੱਲ ਕਰਦੇ ਸਮੇਂ 'ਮਾਂਹਾਂ-ਮੋਠਾਂ ਵਿੱਚ ਕੋਈ ਵੱਡਾ ਛੋਟਾ ਨਹੀਂ ਹੁੰਦਾ' ਅਖਾਉਤ ਢੁਕਵੀਂ ਹੈ।

**ਭਾਗ (ਸ) ਖਾਲੀ ਥਾਂਵਾਂ ਭਰੋ:**

1. ਨਵੀਂ ਪੀੜ੍ਹੀ……… ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ।
2. ਕੁਸ਼ਤੀਆਂ ਪੁਰਾਤਨ ਸਮੇਂ ਤੋਂ ਹੀ………… ਲਈ ਖਿੱਚ-ਭਰਪੂਰ ਰਹੀਆਂ ਹਨ।
3. ਘਰ ਵੱਸਦਿਆਂ ਦੇ, ਸਾਕ ਮਿਲਦਿਆਂ ਦੇ ਤੇ…….. ਵਾਹੁੰਦਿਆਂ ਦੇ।
4. ਕਿ ਟੁਰਿਆਂ ਵਧਦਾ ਹਾਂ,<br>ਖਲੋਇਆਂ………ਹਾਂ<br>ਕਿ ਹਾਂ,ਮੈਂ ਟੁਰਦਾ ਹੀ ਰਹਾਂ।
5. ਦਿਨ ਜਿਉਂ ਬੁਝੇ ਬੁਝੇ ਪਰਛਾਂਵੇਂ<br>ਮਾਂ ਮੇਰੀ ਦੀ………………<br>ਨੀਵੀਂ ਨਜ਼ਰ ਸਦਾ ਸ਼ਰਮਾਵੇ।

ਪ੍ਰਸ਼ਨ 2. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ: 3×2=6

**ਨਰਾਤਿਆਂ ਵਿੱਚ ਸਾਂਝੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਪਹਿਲੇ ਨਰਾਤੇ ਨੂੰ ਗੋਹੇ ਵਿੱਚ ਮਿੱਟੀ ਗੁੰਨ੍ਹ ਕੇ ਘਰ ਦੀ ਕਿਸੇ ਕੰਧ ਉੱਤੇ ਸਾਂਝੀ ਮਾਈ ਦੀ ਮੂਰਤੀ ਬਣਾ ਲਈ ਜਾਂਦੀ ਹੈ। ਮੂਰਤੀ ਵਿੱਚ ਕਲਾਤਮਿਕ ਸੁੰਦਰਤਾ ਭਰਨ ਲਈ ਕਈ ਵਿਧੀਆਂ ਵਰਤੀਆਂ ਜਾਂਦੀਆਂ ਹਨ। ਉਸ ਨੂੰ ਫੁੱਲਾਂ, ਕੌਡੀਆਂ ਤੇ ਮੋਤੀਆਂ ਨਾਲ ਸਜਾਇਆ ਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਇੱਕ ਪਾਸੇ ਚੰਨ ਚੜ੍ਹਦਾ ਤੇ ਦੂਜੇ ਪਾਸੇ ਸੂਰਜ ਡੁੱਬਦਾ ਵਿਖਾਇਆ ਜਾਂਦਾ ਹੈ। ਕਈ ਘਰਾਂ ਵਿੱਚ ਸਾਂਝੀ ਦੇਵੀ ਦੀ ਮੂਰਤੀ ਦੀ ਥਾਂ ਕੇਵਲ ਉਸ ਦਾ ਚਿੱਤਰ ਹੀ ਉਲੀਕਿਆ ਜਾਂਦਾ ਹੈ। ਸਾਂਝੀ ਦੀ ਮੂਰਤੀ ਤੇ ਚਿੱਤਰ ਲੋਕ-ਕਲਾ ਦਾ ਸੋਹਣਾ ਨਮੂਨਾ ਹਨ ਤੇ ਇਸ ਵਿੱਚੋਂ ਲੋਕ-ਪ੍ਰਤਿਭਾ ਪੂਰੇ ਜਲੌ ਵਿੱਚ ਰੂਪਮਾਨ ਹੋਈ ਹੈ। ਸਾਂਝੀ ਮਾਈ ਦੀ ਪੂਜਾ ਹਰ ਰੋਜ਼ ਸ਼ਾਮ ਵੇਲ਼ੇ ਕੀਤੀ ਜਾਂਦੀ ਹੈ। ਦਸਹਿਰੇ ਵਾਲ਼ੇ ਦਿਨ ਸਰਘੀ ਵੇਲ਼ੇ ਸਾਂਝੀ ਮਾਈ ਦੀ ਮੂਰਤੀ ਨੂੰ ਕਿਸੇ ਟੋਭੇ ਜਾਂ ਨਦੀ-ਨਾਲ਼ੇ ਵਿੱਚ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ।**

(ੳ) ਉਪਰੋਕਤ ਪੈਰਾ ਕਿਸ ਲੇਖ ਵਿੱਚੋਂ ਲਿਆ ਗਿਆ ਹੈ ਅਤੇ ਇਸ ਦਾ ਲੇਖਕ ਕੌਣ ਹੈ?

(ਅ) ਸਾਂਝੀ ਮਾਈ ਦੀ ਮੂਰਤੀ ਦੇ ਆਸੇ-ਪਾਸੇ ਕੀ ਦਿਖਾਇਆ ਜਾਂਦਾ ਹੈ?

(ੲ) 'ਸਰਘੀ ਵੇਲ਼ਾ' ਦਿਨ ਦੇ ਕਿਹੜੇ ਸਮੇਂ ਨੂੰ ਕਿਹਾ ਜਾਂਦਾ ਹੈ?

**ਪ੍ਰਸ਼ਨ 3. ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ:** **4x3=12**

ੳ) ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਸੰਖੇਪ ਵਿੱਚ ਦੱਸੋ।

ਅ) 'ਸੱਕਰ-ਭਿੱਜੀ' ਲੋਕ-ਖੇਡ ਬਾਰੇ ਜਾਣਕਾਰੀ ਦਿਓ।

**ੲ) ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ?**

ਸ) ਵਰਤਮਾਨ ਸਮੇਂ ਵਿੱਚ ਭੰਗੜੇ ਦੇ ਬਦਲਦੇ ਸਰੂਪ ਬਾਰੇ ਦੱਸੋ।

ਹ) ਰਸਮ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ?

ਕ) ਸਾਨੂੰ ਨਵੀਂਆਂ ਪਰਿਸਥਿਤੀਆਂ ਅਨੁਸਾਰ ਨਵੇਂ ਸੱਭਿਆਚਾਰਿਕ ਮਾਪ-ਦੰਡ ਸਿਰਜਣ ਦੀ ਲੋੜ ਕਿਉਂ ਹੈ?

ਖ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ ?

ਪ੍ਰਸ਼ਨ 4. ਤੁਹਾਡੇ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫਾਰਮ ਖ਼ਰੀਦਣ ਲਈ ਗਰਾਂਟ ਆਈ ਹੈ। ਵੇਰਵੇ ਦੱਸਦੇ ਹੋਏ ਕਿਸੇ ਫਰਮ ਤੋਂ ਕੁਟੇਸ਼ਨ ਦੀ ਮੰਗ ਕਰੋ। ਜਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲੇ ਕਿਸੇ ਕਿਸਾਨ ਮੇਲੇ ਵਿੱਚ ਆਪਣੀ ਸਟਾਲ ਲਾਉਣ ਲਈ ਮੇਲਾ ਪ੍ਰਬੰਧਕਾਂ ਨੂੰ ਪੱਤਰ ਲਿਖੋ। **2+4+1=7** **ਪ੍ਰਸ਼ਨ 5.**

**ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ:**

ਅੱਗ ਦੀ ਸੁਵਰਤੋਂ ਮਨੁੱਖ ਕਰਦੇ ਰਹੇ ਹਨ, ਜਿਸ ਦੀ ਪਰਤਾਪੀ ਸ਼ਕਤੀ ਕਾਰਨ ਹੀ ਅੱਗ ਨੂੰ ਅਗਨੀ ਦੇਵਤਾ ਕਿਹਾ ਹੈ। ਜਦਕਿ ਜਦ ਕਦੇ ਅੱਗ ਰਾਖਸ਼ਾਂ,ਦੈਂਤਾਂ,ਬਘਿਆੜਾਂ,ਬਾਂਦਰਾਂ ਦੇ ਹੱਥ ਆਉਂਦੀ ਰਹੀ ਹੈ, ਇਹ ਜੰਗਲ ਬੇਲੇ,ਧਰਤੀ ਉੱਤੇ ਘੁੱਗ ਵੱਸਦੇ ਲੋਕਾਂ ਨੂੰ ਸਾੜਦੇ ਰਹੇ ਹਨ। ਐਟਮ-ਬੰਬ, ਬੰਦੂਕਾਂ, ਬੰਬਾਂ ਅਤੇ ਬਾਰੂਦਾਂ ਦੇ ਢੇਰਾਂ ਨੂੰ ਜ਼ਾਲਮ ਲੋਕ ਬਰਬਾਦੀ ਤੇ ਉਜਾੜੇ ਲਈ ਵਰਤਦੇ ਰਹੇ ਹਨ। ਜੰਗਾਂ ਕੌਣ ਲੜਦਾ ਹੈ? ਜ਼ਾਲਮ ਹੁਕਮਰਾਨ। ਸਿਰਜਣਾ ਕੌਣ ਕਰਦਾ ਹੈ? ਮਿਹਨਤਕਸ਼ ਕਾਮੇ, ਕਲਾਕਾਰ, ਸਿਰਜਕ, ਸਾਹਿਤਕਾਰ ਅਤੇ ਸੰਤ-ਸਿਪਾਹੀ, ਬੁੱਧੀ-ਸ਼ਕਤੀ ਵੰਡਣ ਵਾਲੇ। ਆਓ, ਸਕਾਰਾਤਮਿਕ ਅੱਗ ਦੀ ਉਤਪਤੀ ਲੋਕ-ਮਾਨਸ ਵਿੱਚ ਕਰੀਏ। ਹਨੇਰੇ ਖਤਮ ਕਰੀਏ। ਜਾਗੋ ਵੰਡੀਏ। ਪਸ਼ੂਆਂ ਦੀ ਅਕਲ ਵਾਲੇ ਲੋਕਾਂ ਅੰਦਰ ਮਨੁੱਖ ਬਣਨ ਦੀ ਬੁੱਧੀ ਭਰੀਏ। ਇਹੋ ਕਮਾਲ ਦੀ ਕਰਾਮਾਤ ਹੈ ਕਿ ਲੋਕ ਸਦਭਾਵਨਾ ਨਾਲ ਆਪਣੇ ਅੰਦਰ ਸਿਰਜਣਾਤਮਿਕ ਅੱਗ ਪੈਦਾ ਕਰਨ ਅਤੇ ਖ਼ੁਸ਼ੀ ਦੇ ਦੀਵੇ ਜਗਾਉਣ। **3+1=4**

ਪ੍ਰਸ਼ਨ 6. (ੳ) ਹੇਠ ਲਿਖੇ ਸ਼ਬਦਾਂ ਦੇ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ: **6x1/2=3**

| | |
|---|---|
| **ਖ਼ਾਲਸਾ** | **ਦਰਬਾਰ** |
| **ਖ਼ੁਦਾਈ** | **ਥਰਮਾਮੀਟਰ** |
| **ਖ਼ੂਨ** | **ਤਰਸਣਾ** |
| **ਖ਼ੁਸ਼ਕ** | **ਦਸਤਾਰ** |
| **ਖ਼ਿਆਨਤ** | **ਤੀਰਥ** |
| **ਖ਼ਰੀਦ** | **ਖਿਸਕ** |

**(ਅ) ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਚਾਰ ਵਾਕਾਂ ਦਾ ਬਰੈਕਟ ਵਿਚ ਦਿੱਤੇ ਨਿਰਦੇਸ਼ ਅਨੁਸਾਰ ਵਾਕ ਵਟਾਂਦਰਾ ਕਰੋ:**

**4x1=4**

ੳ) ਬਜ਼ੁਰਗਾਂ ਦੀ ਸੇਵਾ ਕਰੋ ਅਤੇ ਉਨ੍ਹਾਂ ਦੀਆਂ ਅਸੀਸਾਂ ਲਓ। (ਮਿਸ਼ਰਿਤ ਵਾਕ)

**ਅ) ਤੁਹਾਡਾ ਨਾਂ ਕੀ ਹੈ? (ਸਧਾਰਨ ਵਾਕ)**

ੲ) ਫੁੱਲ ਬਹੁਤ ਸੁੰਦਰ ਹੈ। (ਵਿਸਮੈ-ਵਾਚਕ ਵਾਕ)

ਸ) ਬਲਜੀਤ ਨੇ ਚਾਹ ਪੀਤੀ। (ਕਰਮਣੀ ਵਾਚਕ ਵਾਕ)

ਹ) ਸਿਰਫ਼ ਮਾਂ ਹੀ ਬੱਚੇ ਨੂੰ ਪਾਲ ਸਕਦੀ ਹੈ। (ਨਾਂਹ-ਵਾਚਕ ਵਾਕ)

ਕ) ਉਹ ਸੁੰਦਰ ਅਤੇ ਸੁਚੱਜੀ ਹੈ। (ਸੰਜੁਗਤ ਵਾਕ)

ਖ) ਬੱਚੇ ਸਭ ਨੂੰ ਪਿਆਰੇ ਲੱਗਦੇ ਹਨ। (ਪ੍ਰਸ਼ਨ-ਵਾਚਕ ਵਾਕ)

ਪ੍ਰਸ਼ਨ 7. ਹੇਠ ਲਿਖੀਆਂ ਅਖਾਉਤਾਂ ਵਿਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤੋ ਜਾਂ ਉਨ੍ਹਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ:

5x2=10

(ੳ) ਅਸ਼ਰਫੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ

(ਅ) ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ

(ੲ) ਹੱਥ ਨੂੰ ਹੱਥ ਧੋਂਦਾ ਹੈ

(ਸ) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ

(ਹ) ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ

(ਕ) ਕੋਹ ਨਾ ਚੱਲੀ ਬਾਬਾ ਤਿਹਾਈ

(ਖ) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ

(ਗ) ਇੱਕ ਦਰ ਬੰਦ ਸੌ ਦਰ ਖੁੱਲ੍ਹਾ

ਪ੍ਰਸ਼ਨ 8. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

ਪਹਿਲੇ ਡੰਗ ਮਦਾਰੀਆਂ ਮੰਤਰ ਗਏ ਗੁਆਚ
ਦੂਜੇ ਡੰਗ ਦੀ ਲੱਗ ਗਈ ਜਣੇ-ਖਣੇ ਨੂੰ ਲਾਗ
ਨਾਗਾਂ ਕੀਲੇ ਲੋਕ-ਮੂੰਹ ਬੱਸ ਫਿਰ ਡੰਗ ਹੀ ਡੰਗ
ਪਲੋ-ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ
ਗਲਿਓਂ ਟੁੱਟੇ ਗੀਤ ਫਿਰ ਤੱਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ ਚਰੱਖੜੇ ਘੂਕਰ ਬੰਦ।

(ੳ) ਉਪਰੋਕਤ ਕਾਵਿ-ਸਤਰਾਂ ਕਿਹੜੀ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਅਤੇ ਇਹ ਕਿਸ ਦੀ ਰਚਨਾ ਹੈ? 1+1=2

(ਅ) ਕਾਵਿ-ਸਤਰਾਂ ਵਿੱਚ ਕਿਸ ਕਾਲ (ਸਮੇਂ) ਦੀ ਗੱਲ ਕੀਤੀ ਗਈ ਹੈ? 1

(ੲ) 'ਮਦਾਰੀ' ਸ਼ਬਦ ਕਿਸ ਲਈ ਵਰਤਿਆ ਗਿਆ ਹੈ? 1

ਪ੍ਰਸ਼ਨ 9. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ: 4

(ੳ) ਚੁੰਮ-ਚੁੰਮ ਰੱਖੋ (ਨੰਦ ਲਾਲ ਨੂਰਪੁਰੀ)

(ਅ) ਗੀਤ (ਸ਼ਿਵ ਕੁਮਾਰ ਬਟਾਲਵੀ)

(ੲ) ਤਾਜ ਮਹਲ (ਪ੍ਰੋ. ਮੋਹਨ ਸਿੰਘ)

ਪ੍ਰਸ਼ਨ 10. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ: 6

(ੳ) ਨੀਲੀ (ਕਰਤਾਰ ਸਿੰਘ ਦੁੱਗਲ)

(ਅ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼)